# Post Graduate Government College for Girls, Sector-11, Chandigarh

## Punjabi Department Annual Report

## Session: 2023-24

## ਵਿਭਾਗੀ ਗਤੀਵਿਧੀਆਂ

## INDEX:

| S. No. | Activity | Date |
|---|---|---|
| 1. | "ਸਾਹਿਤ ਕਿਉਂ ਪੜ੍ਹੀਏ ?"- (ਲੈਕਚਰ) | 29 ਅਗਸਤ , 2023 |
| 2. | **"ਅੰਤਰ ਕਾਲਜ ਪੰਜਾਬੀ ਵਿਰਾਸਤੀ ਪ੍ਰਸ਼ਨੋਤਰੀ ਮੁਕਾਬਲਾ"** | 28 ਸਤੰਬਰ, 2023 |
| 3. | " ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ" | 22 ਫ਼ਰਵਰੀ, 2024 |

# ਵਿਭਾਗੀ ਗਤੀਵਿਧੀਆਂ

# 2023-24

- 29 ਅਗਸਤ , 2023 ਨੂੰ ਮਲਟੀਮੀਡਿਆ ਸੈਂਟਰ ਵਿੱਚ ਪੰਜਾਬੀ ਸਾਹਿਤ ਸਭਾ ਵਲੋਂ ਪ੍ਰੋ. ਯੋਗਰਾਜ ਅੰਗਰਿਸ਼ (ਡੀਨ ਭਾਸ਼ਾਵਾਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਦਾ "ਸਾਹਿਤ ਕਿਉਂ ਪੜ੍ਹੀਏ ?"-ਵਿਸ਼ੇ ਉੱਪਰ ਵਿਚਾਰ ਚਰਚਾ (ਲੈਕਚਰ) ਕਰਵਾਇਆ ਗਿਆ । **ਇਸ ਪ੍ਰੋਗਰਾਮ ਵਿਚ ਲਗਭਗ 95 ਵਿਦਿਆਰਥਣਾਂ ਨੇ ਹਿੱਸਾ ਲਿਆ।** ਇਸ ਚਰਚਾ ਵਿੱਚ ਉਹਨਾਂ ਨੇ ਸਾਹਿਤ ਦੇ ਆਗਾਜ਼ ਦੀ ਗੱਲ ਬਾਬਾ ਫ਼ਰੀਦ ਤੋਂ ਸ਼ੁਰੂ ਕਰਕੇ ਅਜੋਕੇ ਸਮੇਂ ਵਿਚਲੇ ਰੋਬੋਟਿਕ ਯੁੱਗ ਤੱਕ ਕੀਤੀ । ਉਹਨਾਂ ਅਨੁਸਾਰ ਸਾਹਿਤ ਦਾ ਨਿਰਮਾਣ ਮਨੁੱਖ ਦੀਆਂ ਭੌਤਿਕ ਅਤੇ ਮਾਨਸਿਕ ਜ਼ਰੂਰਤਾਂ ਤੋਂ ਬਾਦ ਸੁਹਜਤਮਕ ਲੋੜਾਂ ਵਿਚੋਂ ਹੋਇਆ ਹੈ । ਜਿਸ ਨਾਲ ਮਨੁੱਖ ਦੀਆਂ ਸਧਰਾਂ, ਇਛਾਵਾਂ ਤੇ ਮਨੋਵੇਗਾਂ ਦੀ ਪੂਰਤੀ ਹੋਈ । ਇਕ ਸਾਹਿਤਕਾਰ ਆਪਣੇ ਰੱਬੀ-ਸਬੱਬੀ ਮਿਲੇ ਹੁਨਰ ਨੂੰ ਵੱਖ-ਵੱਖ ਦ੍ਰਿਸ਼ਟਾਂਤਾਂ ਰਾਹੀਂ ਲੋਕਾਂ ਨੂੰ ਥੋੜੇ ਸ਼ਬਦਾਂ ਵਿੱਚ ਬਹੁਤ ਕੁਝ ਕਹਿ ਜਾਣ ਦੀ ਸਮਰੱਥਾ ਰੱਖਦਾ ਹੈ ।



- ਪੰਜਾਬੀ ਵਿਭਾਗ ਵੱਲੋਂ ਮਿਤੀ 28 ਸਤੰਬਰ, 2023 ਨੂੰ **"ਅੰਤਰ ਕਾਲਜ ਪੰਜਾਬੀ ਵਿਰਾਸਤੀ ਪ੍ਰਸ਼ਨੋਤਰੀ ਮੁਕਾਬਲਾ "** ਕਰਵਾਇਆ ਗਿਆ। ਮੁਕਾਬਲੇ ਵਿੱਚ ਕੁਇਜ਼ ਮਾਸਟਰ ਡਾ.ਬਲਵਿੰਦਰ ਵੱਲੋਂ ਵਿਦਿਆਰਥਣਾਂ ਨੂੰ ਪੰਜਾਬੀ ਵਿਰਾਸਤ ਨਾਲ ਜੁੜੇ ਭਿੰਨ- ਭਿੰਨ ਵਿਸ਼ਿਆਂ ਤੇ ਮੌਖਿਕ ਅਤੇ ਵਿਰਾਸਤੀ ਵਸਤਾਂ ਨਾਲ ਜੁੜੀਆਂ ਤਸਵੀਰਾਂ ਵਿਖਾ ਕੇ ਸਵਾਲ ਪੁੱਛੇ ਗਏ। ਇਸ ਪ੍ਰੋਗਰਾਮ ਵਿੱਚ ਚੰਡੀਗੜ੍ਹ ਦੇ ਵੱਖ-ਵੱਖ ਕਾਲਜਾਂ ਵਿੱਚੋਂ ਆਈਆਂ **ਨੌ ਟੀਮਾਂ** ਨੇ ਹਿੱਸਾ ਲਿਆ। **ਇਸ ਪ੍ਰੋਗਰਾਮ ਵਿਚ ਲਗਭਗ 125 ਵਿਦਿਆਰਥਣਾਂ ਨੇ ਹਿੱਸਾ ਲਿਆ।**



- ਮਿਤੀ 22 ਫ਼ਰਵਰੀ, 2024 ਨੂੰ " ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ " ਮਨਾਇਆ ਗਿਆ। ਜਿਸ ਵਿੱਚ ਪ੍ਰਮੁੱਖ ਪ੍ਰਬਕਤਾ ਪ੍ਰੋ ਸਰਬਜੀਤ ਸਿੰਘ ਪੰਜਾਬੀ ਵਿਭਾਗ ., ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਵਿਦਿਆਰਥਣਾਂ ਨੂੰ ਪੰਜਾਬੀ ਮਾਤ ਭਾਸ਼ਾ ਦੀ ਮਹੱਤਤਾ ਬਾਰੇ ਦੱਸਿਆ ਗਿਆ। **ਇਸ ਪ੍ਰੋਗਰਾਮ ਵਿਚ ਲਗਭਗ 105 ਵਿਦਿਆਰਥਣਾਂ ਨੇ ਹਿੱਸਾ ਲਿਆ।** ਉਹਨਾਂ ਨੇ ਨਵੀਂ ਸਿੱਖਿਆ ਨੀਤੀ 2020 ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਦੀ ਵਰਤਮਾਨ ਅਤੇ ਭਵਿੱਖ ਮੁਖੀ ਸਥਿਤੀ ਬਾਰੇ ਵਿਦਿਆਰਥਣਾਂ ਨੂੰ ਨਾ ਸਿਰਫ ਜਾਣੂ ਕਰਵਾਇਆ ਬਲਕਿ ਸਾਹਿਤਕ ਅਤੇ ਰਾਜਨੀਤਕ ਪੱਧਰ ਤੇ ਪੰਜਾਬੀ ਭਾਸ਼ਾ ਦੀ ਸਥਿੱਤੀ ਬਾਰੇ ਸੁਚੇਤ ਵੀ ਕੀਤਾ। ਪ੍ਰੋਗਰਾਮ ਵਿੱਚ ਵੱਡੀ ਗਿਣਤੀ 'ਚ ਵਿਦਿਆਰਥਣਾਂ ਨੇ ਹਿੱਸਾ ਲਿਆ।

